International Journal of Applied Research 2019; 5(8): 05-12




**ISSN Print:** 2394-7500
**ISSN Online:** 2394-5869
**Impact Factor:** 5.2
IJAR 2019; 5(8): 05-12
www.allresearchjournal.com
Received: 04-06-2019
Accepted: 08-07-2019

**ਕੁਲਵਿੰਦਰ ਸਿੰਘ**
ਖੋਜਾਰਥੀ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**Correspondence**
**ਕੁਲਵਿੰਦਰ ਸਿੰਘ**
ਖੋਜਾਰਥੀ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਚ ਮੱਧਵਰਗੀ ਚੇਤਨਾ

**ਕੁਲਵਿੰਦਰ ਸਿੰਘ**

ਮਨੁੱਖ ਪ੍ਰਕਿਰਤੀ ਨਾਲ ਸੰਘਰਸ਼ ਕਰਦਾ ਹੋਇਆ ਸਭਿਅਕ ਸਮਾਜ ਵਿਚ ਪ੍ਰਵੇਸ਼ ਕਰਦਾ ਹੈ। ਜਿਵੇਂ-ਜਿਵੇਂ ਮਨੁੱਖ ਸਾਧਨਾਂ ਦਾ ਵਿਕਾਸ ਕਰਦਾ ਹੈ ਉਸ ਦਾ ਪ੍ਰਭਾਵ ਸਮਾਜ ਉੱਪਰ ਵੀ ਪੈਂਦਾ ਹੈ। ਜਿਸ ਕਾਰਨ ਸਮਾਜ ਆਰਥਿਕ ਤੌਰ ’ਤੇ ਵਿਭਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਸਮੁੱਚੀ ਮਨੁੱਖੀ ਵਿਕਾਸ ਪ੍ਰਕਿਰਿਆ ਵੱਖ-ਵੱਖ ਇਤਿਹਾਸਕ ਪੜਾਵਾਂ ਦੌਰਾਨ ਗੁਜ਼ਰਦੀ ਹੋਈ ਵਰਤਮਾਨ ਪੂੰਜੀਵਾਦੀ ਸਮਾਜ ਵਿਚ ਪਹੁੰਚੀ ਹੈ। ਇਸ ਅਰਥ ਵਿਵਸਥਾ ਅਧੀਨ ਸਮਾਜ ਵਿਚ ਆਰਥਿਕ, ਸਮਾਜਿਕ ਤੇ ਸਭਿਆਚਾਰਕ ਵਿਭਿੰਨਤਾ ਕਾਰਨ ਵੱਖ-ਵੱਖ ਵਰਗ ਪੈਦਾ ਹੁੰਦੇ ਹਨ। ਮਨੁੱਖ ਆਪਣਾ ਸਮਾਜਿਕ ਅਸਤਿਤਵ ਬਰਕਰਾਰ ਰੱਖਣ ਤੇ ਉਸਦੀ ਬਿਹਤਰੀ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਜਿਸਦੇ ਅੰਤਰਗਤ ਉਹ ਆਪਣੇ ਜਿਹੇ ਵਰਗ ਜਾਂ ਕਦਰਾਂ-ਕੀਮਤਾਂ ਵਾਲੇ ਮਨੁੱਖ ਜਾਂ ਸਮੂਹ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਨ੍ਹਾਂ ਨਾਲ ਆਪਣੀ ਸਾਂਝ ਪਾਉਣ ਲਈ ਤਤਪਰ ਰਹਿੰਦਾ ਹੈ। ਜਿਸਦੇ ਫਲਸਰੂਪ ਸਮਾਜ ਉੱਚ ਵਰਗ, ਮੱਧ ਵਰਗ ਤੇ ਨਿਮਨ ਵਰਗਾਂ ਵਿਚ ਵੰਡਿਆ ਗਿਆ। ਉੱਚ ਵਰਗ ਤੇ ਨਿਮਨ ਵਰਗ ਦੇ ਵਿਚਕਾਰਲੇ ਵਰਗ ਨੂੰ ਮੱਧ ਵਰਗ ਜਾਂ ਮੱਧ ਸ਼੍ਰੇਣੀ ਕਿਹਾ ਜਾਂਦਾ ਹੈ। ਡਾ. ਧਰੇਂਦਰ ਵਰਮਾ ਮੱਧ ਵਰਗੀ ਸੰਬੰਧੀ ਆਖਦੇ ਹਨ :

"ਪੂੰਜੀਵਾਦੀ ਵਿਵਸਥਾ ਨੇ ਸਮਾਜ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। 1.ਬੁਰਜੁਆ 2. ਮੱਧ ਵਰਗ ਜਾਂ ਮਿਡਲ ਕਲਾਸ 3.ਨਿਮਨ ਵਰਗ। ਮੱਧ ਵਰਗ ਸਾਮੰਤੀ ਵਿਵਸਥਾ ਵਿਚ ਨਹੀਂ ਸੀ ਪਾਇਆ ਜਾਂਦਾ ਕਿਉਂਕਿ ਉਸ ਸਮੇਂ ਜਿਮੀਂਦਾਰ ਅਤੇ ਕਿਸਾਨ ਦਾ ਸੰਬੰਧ ਸਿੱਧਾ ਸੀ, ਪਰੰਤੂ ਪੂੰਜੀਵਾਦੀ ਅਰਥ ਵਿਵਸਥਾ ਨੇ ਸਮਾਜ ਨੂੰ ਜਟਿਲ ਬਣਾ ਦਿੱਤਾ ਕਿ ਇਕ ਮੱਧ ਵਰਗ ਦੀ ਵੀ ਲੋੜ ਮਹਿਸੂਸ ਹੋਈ। ਜਿਹੜਾ ਇਸ ਜਟਿਲ ਵਿਵਸਥਾ ਦੇ ਸੰਘਟਨ ਸੂਤਰਾਂ ਨੂੰ ਸੰਭਾਲ ਸਕੇ। ਮੱਧ ਵਰਗ ਸਾਮਜ ਦੇ ਉੱਚ ਅਤੇ ਨਿਮਨ ਵਰਗ ਦਾ ਵਿਚਲਾ ਵਰਗ ਹੈ। ਜਿਸ ਵਿਚ ਵਿਭਿੰਨ ਵਪਾਰਕ ਅਤੇ ਬੁੱਧੀਜੀਵੀ ਸੰਗਠਨ ਕਰਨ ਵਾਲੇ ਲੋਕ ਸ਼ਾਮਿਲ ਹੁੰਦੇ ਹਨ। ਇਸ ਵਰਗ ਵਿਚ ਨੌਕਰੀ ਪੇਸ਼ਾ ਸਿੱਖਿਅਤ ਕਲਰਕ ਅਤੇ ਹੋਰ ਸਾਧਾਰਨ ਲੋਕ ਆਉਂਦੇ ਹਨ। ਮੱਧ ਵਰਗ ਵਿਸ਼ੇਸ਼ ਕਰਕੇ ਬੁੱਧੀ ਪ੍ਰਧਾਨ ਵਰਗ ਮੰਨਿਆ ਗਿਆ ਹੈ ਅਤੇ ਸਮਾਜਿਕ ਕ੍ਰਾਂਤੀ ਦੇ ਸਾਰੇ ਵਿਚਾਰਾਂ ਦਾ ਸਿਰਜਣ ਮੱਧ ਵਰਗ ਵਿਚ ਹੀ ਹੁੰਦਾ ਹੈ।"[1]

ਪਰੰਤੂ ਮਾਰਕਸਵਾਦੀ ਚਿੰਤਕ ਇਸ ਨੂੰ ਸੰਘਰਸ਼ੀ ਵਰਗ ਨਹੀਂ ਮੰਨਦੇ। ਇਸ ਸੰਬੰਧੀ ਵੀ. ਅਫਾਨਾਸੀਏਵ ਲਿਖਦੇ ਹਨ :

"ਮੱਧ ਵਰਗ ਵਿਸ਼ੇਸ਼ ਤੌਰ ਤੇ ਕਿਸਾਨ ਅਤੇ ਕਾਰੀਗਰ ਜਿਹੜੇ ਕਿ ਪੂੰਜੀਵਾਦ ਵਿਚ ਭਾਰੀ ਗਿਣਤੀ ਵਿਚ ਹੁੰਦੇ ਹਨ, ਪੂਰੀ ਤਰ੍ਹਾਂ ਇਨਕਲਾਬੀ ਨਹੀਂ ਹੁੰਦੇ। ਉਨ੍ਹਾਂ ਦੀ ਸਮਾਜ ਵਿਚ ਕੋਈ ਸੁਤੰਤਰ ਧਾਰਨਾ ਨਹੀਂ ਹੁੰਦੀ ਅਤੇ ਪੂੰਜੀਵਾਦ ਦੇ ਵਿਕਾਸ ਨਾਲ ਉਹ ਆਪ ਜਾਤੀ ਉਚ-ਨੀਚ ਦੀ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਕਿਸਾਨਾਂ ਤੇ ਕਾਰੀਗਰਾਂ ਦੀ ਬਹੁ ਗਿਣਤੀ ਕਮਜ਼ੋਰ ਹੋ ਕੇ ਮਜ਼ਦੂਰ ਸ਼੍ਰੇਣੀ ਨਾਲ ਆ ਮਿਲਦੀ ਹੈ। ਇਨ੍ਹਾਂ ਦੀ ਬਹੁਤ ਘੱਟ ਗਿਣਤੀ ਪੂੰਜੀਵਾਦੀ ਜਮਾਤ ਵਿਚ ਆਪਣਾ ਸਥਾਨ ਬਣਾ ਲੈਂਦੀ ਹੈ। ਤਿੱਖੇ ਜਮਾਤੀ ਘੋਲ ਵਿਚ ਕਿਸਾਨ ਦ੍ਰਿੜ ਨਹੀਂ ਰਹਿੰਦੇ।"[2]

ਡਾ. ਰਤਨ ਸਿੰਘ ਜੱਗੀ ਮੱਧ ਵਰਗ ਨੂੰ ਉੱਚ ਵਰਗ ਦੀ ਪੈੜ ਵਿਚ ਪੈੜ ਵਿਚ ਰੱਖਣ ਵਾਲਾ ਸਮਝਦੇ ਹਨ ਜਿਹੜਾ ਨਿਮਨ ਵਰਗ ਨਾਲ ਹਮਦਰਦੀ ਜਤਾਉਣ ਦੀ ਬਜਾਇ ਉੱਚ ਵਰਗ ਦੇ ਹੱਕ ਵਿਚ ਭੁਗਤਦਾ ਹੈ। ਮੱਧ ਵਰਗ ਸੰਬੰਧੀ ਉਹ ਆਖਦੇ ਹਨ :

"ਸ਼੍ਰੇਣੀ ਵੰਡ ਵਿਚ ਵੰਡੇ ਹੋਏ ਸਮਾਜਿਕ ਪ੍ਰਬੰਧ ਵਿਚ ਜਿਹੜਾ ਵਰਗ ਸ਼ਾਸਨ ਕਰ ਰਹੇ ਉੱਚ-ਵਰਗ ਦਾ ਸਹਾਇਕ ਤੇ ਪਿੱਛਲਗ ਹੁੰਦਾ ਹੈ ਅਤੇ ਜੋ ਪਿਸ ਰਹੀ ਥਲੜੀ ਸ਼੍ਰੇਣੀ ਨਾਲੋਂ ਰਤਾ ਕੁ ਸੁਖਾਲਾ ਹੁੰਦਾ ਹੈ, ਉਸ ਨੂੰ 'ਮੱਧ ਵਰਗ' ਆਖਦੇ ਹਨ। ਪੂੰਜੀਵਾਦੀ-ਨਿਜ਼ਾਮ ਵਿਚ ਇਸ ਪ੍ਰਕਾਰ ਦੇ ਵਰਗ ਲਈ 'ਪੈਟੀ-ਬੁਰਜੁਆ' ਸ਼ਬਦ ਵੀ ਵਰਤਿਆ ਜਾਂਦਾ ਹੈ। ਮੱਧ-ਵਰਗ ਦੀਆਂ ਰੁਚੀਆਂ, ਕਦਰਾਂ-ਕੀਮਤਾਂ ਉੱਚ-ਵਰਗ ਦੇ ਅਨੁਸਾਰੀ ਹੁੰਦੀਆਂ ਹਨ। ਭਾਵੇਂ ਇਨ੍ਹਾਂ ਦੀ ਆਰਥਿਕਤਾ ਦਾ ਲੜ ਹੇਠਲੇ ਵਰਗ ਨਾਲ ਜੁੜਿਆ ਹੁੰਦਾ ਹੈ, ਪਰ ਇਨ੍ਹਾਂ ਦੀ ਲਾਲਸਾ ਹਰ ਸਮੇਂ 'ਉੱਚ-ਵਰਗ' ਵਿਚ ਸ਼ਾਮਿਲ ਹੋਣ ਦੀ ਹੁੰਦੀ ਹੈ, ਇਸ ਲਈ ਮੱਧ-ਵਰਗ ਦੇ ਲੋਕਾਂ ਦਾ ਵਿਅਕਤਿਤਵ ਪਾਰੇ ਵਾਂਗ ਡੋਲਦਾ ਰਹਿੰਦਾ ਹੈ ਅਤੇ ਇਨ੍ਹਾਂ ਦਾ ਮਨ ਰਾਜਨੀਤਕ ਚੜ੍ਹਤ ਵਾਲੇ ਪਾਸੇ ਵੱਲ ਵਧੇਰੇ ਜਾਂਦਾ ਹੈ।" [3]

ਮਾਰਕਸਵਾਦੀ ਵਿਚਾਰਧਾਰਾ ਮੱਧ ਵਰਗ ਨੂੰ ਇਨਕਲਾਬੀ ਨਹੀਂ ਮੰਨਦੀ ਕਿਉਂਕਿ ਇਹ ਵਿਚਾਰਧਾਰਕ ਪੱਧਰ 'ਤੇ ਵਧੇਰੇ ਉੱਚ ਵਿਚਾਰਾਂ ਦੀ ਧਾਰਨੀ ਜਮਾਤ ਹੈ ਜਦੋਂ ਕਿ ਵਿਵਹਾਰਿਕ ਤੌਰ 'ਤੇ ਕੋਈ ਵੀ ਖ਼ਤਰਾ ਮੁੱਲ ਲੈਣੋਂ ਘਬਰਾਉਂਦੀ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਮੱਧ ਵਰਗ ਵਿਚ ਕਿਹੜੀਆਂ ਧਿਰਾਂ ਸ਼ਾਮਿਲ ਹਨ? ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚਲਾ ਮੱਧ ਵਰਗ ਭਾਰਤੀ ਮੱਧ ਵਰਗ ਨਾਲੋਂ ਵੱਖਰਾ ਹੈ ਕਿਉਂਕਿ ਭਾਰਤ ਅਰਧ ਵਿਕਸਿਤ ਪੂੰਜੀਵਾਦੀ ਦੇਸ਼ ਹੈ। ਜਿਸ ਕਾਰਨ ਇਥੋਂ ਦੇ ਮੱਧ ਵਰਗ ਵਿਚ ਇਕ ਵਰਗ ਜਾਂ ਜਾਤੀ ਦੇ ਲੋਕ ਸ਼ਾਮਿਲ ਨਹੀਂ ਹੁੰਦੇ ਸਗੋਂ ਇਸ ਵਿਚ ਵਿਭਿੰਨ ਜਾਤੀਆਂ ਤੇ ਸਮੂਹਾਂ ਦੇ ਲੋਕਾਂ ਦੀ ਸ਼ਮੂਲੀਅਤ ਹੈ। ਜਿਹੜੇ ਆਰਥਿਕ ਤੌਰ 'ਤੇ ਸਮਾਨ ਹੋਣ ਦੇ ਬਾਵਜੂਦ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਵਖਰੇਵੇਂ ਦਾ ਸ਼ਿਕਾਰ ਹਨ। ਭਾਰਤੀ ਸਮਾਜ ਦੇ "ਮੱਧ ਵਰਗ ਵਿਚ ਨਾ ਤਾਂ ਉੱਚ ਵਰਗ ਬੁਰਜੁਵਾ ਸ਼੍ਰੇਣੀ ਅਤੇ ਨਾ ਹੀ ਨਿਮਨ ਪ੍ਰੋਲੇਤਾਰੀ ਸ਼੍ਰੇਣੀ ਦੇ ਲੋਕ ਹਨ ਸਗੋਂ ਇਸ ਸ਼੍ਰੇਣੀ ਦੇ ਲੋਕ ਆਰਥਿਕ ਪੱਧਰ ਉੱਪਰ ਸੰਤੁਸ਼ਟ ਹੋਣ ਕਰਕੇ ਇਹ ਪੜ੍ਹੇ-ਲਿਖੇ ਹਨ ਅਤੇ ਆਪਣੇ ਆਪ ਵਿਚ ਬੁੱਧੀਜੀਵੀ ਵੀ ਹਨ। ਇਸ ਵਰਗ ਵਿਚ ਜ਼ਿਆਦਾ ਤਨਖਾਹ ਲੈਣ ਵਾਲੇ ਅਫ਼ਸਰ, ਵਪਾਰੀ, ਡਾਕਟਰ, ਵਕੀਲ, ਅਧਿਆਪਕ, ਲੇਖਕ ਆਦਿ ਸ਼ਾਮਿਲ ਹਨ।"[4]

ਪੰਜਾਬੀ ਸਮਾਜ ਦਾ ਮੱਧ ਵਰਗ ਮਜ਼ਦੂਰ ਵਰਗ ਨਾਲੋਂ ਵੱਖਰੀਆਂ ਕਾਲੋਨੀਆਂ ਜਾਂ ਵੱਖਰੇ ਨਗਰਾਂ ਵਿਚ ਰਹਿੰਦਾ ਹੈ। ਅਜਿਹੀ ਰਹਿਤਲ ਉਸ ਦੀ ਸਵਾਰਥੀ ਬਿਰਤੀ ਨੂੰ ਉਭਾਰਦੀ ਹੈ। ਜਿਸ ਤਹਿਤ ਉਹ ਸਾਧਾਰਨ ਵਰਗ ਨਾਲ ਰਹਿਣ ਲਈ ਵੀ ਤਿਆਰ ਨਹੀਂ। ਇਸ ਲਈ ਮੱਧ ਵਰਗ ਸ਼ਹਿਰੀ ਸਮਾਜ ਵਿਚ ਵੀ ਵਿਸ਼ੇਸ਼ ਕਾਲੋਨੀਆਂ ਜਾਂ ਨਗਰਾਂ ਵਿਚ ਰਹਿਣ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸ ਕਿਸਮ ਦਾ ਵਰਤਾਰਾ ਪੰਜਾਬੀ ਸਮਾਜ ਦੇ ਮੱਧ ਵਰਗ ਵਿਚ ਵੀ ਆਮ ਵੇਖਣ ਨੂੰ ਮਿਲਦਾ ਹੈ। ਜਿਸਦੀ ਪ੍ਰੋੜਤਾ ਸ਼ਹਿਰੀ ਸਮਾਜ ਵਿਚ ਉਸਰੀਆਂ ਨਵੀਨਤਮ ਕਾਲੋਨੀਆਂ ਜਾਂ ਇਨਕਲੇਵ ਕਰਦੇ ਹਨ। ਇਨ੍ਹਾਂ ਵਿਸ਼ੇਸ਼ ਸਹੂਲਤਾਂ ਨਾਲ ਲੈਸ ਇਨਕਲੇਵਾਂ ਵਿਚ ਵਿਸ਼ੇਸ਼ ਸਹੂਲਤਾਂ ਪ੍ਰਾਪਤ ਨੌਕਰੀ-ਪੇਸ਼ਾ ਮੱਧ ਵਰਗ ਰਹਿੰਦਾ ਹੈ।

ਪੰਜਾਬੀ ਸਾਹਿਤ ਜਗਤ ਵਿਚ ਜਸਵਿੰਦਰ ਸਿੰਘ ਨੇ ਪ੍ਰਬੁੱਧ ਆਲੋਚਕ, ਨਾਵਲਕਾਰ ਤੇ ਕਹਾਣੀਕਾਰ ਵਜੋਂ ਵੱਖਰਾ ਸਥਾਨ ਗ੍ਰਹਿਣ ਕਰ ਲਿਆ ਹੈ। ਉਹ ਪੇਂਡੂ ਤੇ ਸ਼ਹਿਰੀ ਸਭਿਆਚਾਰ ਵਿਚਲੇ ਅੰਤਰ ਸੰਬੰਧਾਂ ਤੇ ਟਕਰਾਵਾਂ ਵਿਚੋਂ ਉਤਪੰਨ ਦਵੰਦ ਤੇ ਟਕਰਾਉ ਨੂੰ ਆਪਣੀਆ ਕਹਾਣੀ ਰਾਹੀਂ ਪ੍ਰਗਟਾਉਂਦਾ ਹੈ। ਉਹ ਸਾਧਾਰਨ ਤੇ ਮੱਧਵਰਗੀ ਮਨੁੱਖ ਦੇ ਜੀਵਨ ਨੂੰ ਕੇਂਦਰਿਤ ਕਰਕੇ ਉਨ੍ਹਾਂ ਦੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਵਿਚਲੀ ਟੁੱਟ-ਭੱਜ, ਤਣਾਉ ਤੇ ਸੰਕਟਾਂ ਨੂੰ ਉਭਾਰਨ ਦੇ ਨਾਲ-ਨਾਲ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਭ੍ਰਿਸ਼ਟ ਰਾਜਤੰਤਰ ਦੀਆਂ ਅਨੇਕਾਂ ਪਰਤਾਂ ਫਰੋਲਦਾ ਹੋਇਆ ਇਸ ਵਿਵਸਥਾ ਵਿਚ ਆਏ ਵਿਗਾੜਾਂ ਨੂੰ ਵੀ ਪੇਸ ਕਰਦਾ ਹੈ। ਉਹ ਆਪਣੇ ਕਥਾ ਸਾਹਿਤ ਦੁਆਰਾ ਬਦਲਦੇ ਆਰਥਿਕ-ਸਮਾਜਿਕ ਪ੍ਰਬੰਧ ਕਾਰਨ ਪਰਵਰਤਿਤ ਹੁੰਦੀਆਂ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਕਾਰਨ

ਮੱਧ ਵਰਗੀ ਔਰਤ-ਮਰਦ ਦੇ ਸੰਬੰਧਾਂ ਅਤੇ ਰਿਸ਼ਤਿਆਂ ਵਿਚ ਹੋ ਰਹੀ ਟੁੱਟ-ਭੱਜ ਕਾਰਨ ਖ਼ਤਮ ਹੋ ਰਹੀ ਪਰਸਪਰ ਭਾਈਚਾਰਕ ਸਾਂਝ, ਮੋਹ, ਪਿਆਰ ਤੇ ਨਿੱਘ ਨੂੰ ਬਾਖ਼ੂਬੀ ਚਿਤਰਦਾ ਹੈ। ਇਸ ਪੇਪਰ ਵਿਚ ਜਸਵਿੰਦਰ ਸਿੰਘ ਦੀਆਂ ਪ੍ਰਮੁੱਖ ਕਹਾਣੀਆਂ ਦੁਆਰਾ ਮੱਧ ਵਰਗੀ ਮਨੁੱਖ ਦੇ ਜੀਵਨ ਨੂੰ ਉਭਾਰਨ ਦਾ ਯਤਨ ਕੀਤਾ ਹੈ। ਪੰਜਾਬੀ ਸਮਾਜ ਦਾ ਮੱਧ ਵਰਗੀ ਮਨੁੱਖ ਪਰਵਾਸ ਨੂੰ ਇੱਕ ਅਜਿਹਾ ਢੰਗ ਸਮਝਦਾ ਹੈ ਜਿਸ ਸਦਕਾ ਉਹ ਵਧੇਰੇ ਆਰਥਿਕ ਸੰਪੰਨ ਹੋ ਸਕਦਾ ਹੈ। ਪਰਵਾਸੀ ਪੰਜਾਬੀਆਂ ਦੀ ਪਦਾਰਥਕ ਤਰੱਕੀ ਵੇਖਦਿਆਂ ਇਸ ਵਰਗ ਦੇ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ ਜਾਣ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ। ਉਹ ਵੀ ਡਾਲਰਾਂ, ਪੌਂਡਾਂ 'ਚ ਖੇਡਣ ਲਈ ਹਰ ਹੀਲੇ ਵਿਦੇਸ਼ ਪਹੁੰਚਣਾ ਆਪਣਾ ਮੁੱਖ ਮੰਤਵ ਸਮਝਦੇ ਹਨ। ਜਿਸ ਤਹਿਤ ਉਹ ਨੈਤਿਕ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਦੀ ਪ੍ਰਵਾਹ ਕੀਤੇ ਬਿਨਾਂ ਪਰਵਾਸ ਧਾਰਨ ਲਈ ਯਤਨਸ਼ੀਲ ਰਹਿੰਦੇ ਹਨ। ਆਪਣੇ ਕਰੀਬੀ ਰਿਸ਼ਤਿਆਂ ਨਾਲ ਫਰਜ਼ੀ ਵਿਆਹ ਕਰਵਾ ਕੇ ਵਿਦੇਸ਼ ਜਾਣ ਵਿਚ ਵੀ ਉਹ ਮਾਣ ਮਹਿਸੂਸ ਕਰਦੇ ਹਨ। ਮੱਧ ਵਰਗੀ ਮਨੁੱਖ ਦੇ ਇਸ ਵਰਤਾਰੇ ਕਾਰਨ ਰਿਸ਼ਤਿਆਂ ਵਿਚਲੇ ਸੰਕਟ ਨੂੰ ਕਹਾਣੀ 'ਪੈਲਾਂ ਪਾਉਂਦਾ ਸੱਪ' ਵਾਸਤਵਿਕ ਰੂਪ ਵਿਚ ਚਿਤਰਦੀ ਹੈ। ਪਰਵਾਸੀ ਪੰਜਾਬੀ ਆਪਣੇ ਪਰਿਵਾਰ ਨੂੰ ਵਿਦੇਸ਼ ਲੈ ਜਾਣ ਹਿੱਤ ਅਨੇਕਾਂ ਹੱਥ ਕੰਡੇ ਵਰਤਦੇ ਹਨ। ਮਾਪੇ ਆਪਣੀ ਸਵਾਰਥਤਾ ਅਧੀਨ ਧੀ ਦੀ ਮਾਨਸਿਕਤਾ ਸਮਝਣ ਨਾਲੋਂ ਆਪਣੇ ਨਿੱਜ ਨੂੰ ਪ੍ਰਮੁੱਖਤਾ ਦਿੰਦੇ ਹਨ। ਕਥਾਕਾਰ ਪਰਵਾਸੀ ਪੰਜਾਬੀਆਂ ਦੁਆਰਾ ਵਿਦੇਸ਼ਾਂ ਵਿਚ ਆਪਣੇ ਨਿਯਮਿਤ ਵਸੇਬੇ ਲਈ ਵਰਤੀਆਂ ਕਪਟੀ ਚਾਲਾਂ ਨੂੰ ਦਰਸਾਉਂਦਾ ਹੈ। ਸਮਕਾਲੀ ਮਨੁੱਖ ਆਪਣੇ ਨਿੱਜੀ ਸਵਾਰਥ ਅਧੀਨ ਕਾਨੂੰਨੀ ਕਮਜ਼ੋਰੀਆਂ ਦੀ ਸਹਾਇਤਾ ਸਦਕਾ ਆਪਣੀ ਪਤਨੀ ਨਾਲ ਦੂਹਰੇ ਤੀਹਰੇ ਫਰਜ਼ੀ ਵਿਆਹ ਰਚਾਉਂਦਾ ਹੈ ਤਾਂ ਜੋ ਇਨ੍ਹਾਂ ਵਿਆਹਾਂ ਨੂੰ ਵਾਸਤਵਿਕ ਸਿੱਧ ਕਰ ਸਕੇ।

ਮੱਧ ਵਰਗੀ ਵਿਅਕਤੀ ਆਪਣੀ ਵਿਅਕਤੀਗਤ ਚੇਤਨਾ ਸਦਕਾ ਆਪਣੀ ਪਤਨੀ ਦਾ ਕਿਸੇ ਦੂਸਰੇ ਵਿਅਕਤੀ ਨਾਲ ਫਰਜ਼ੀ ਵਿਆਹ ਕਰਵਾਉਣਾ ਚਾਹੁੰਦਾ ਹੈ ਤਾਂ ਜੋ ਉਸ ਨੂੰ ਵਿਦੇਸ਼ ਲੈ ਜਾਇਆ ਜਾ ਸਕੇ ਪਰੰਤੂ ਪਤਨੀ ਕਿਸੇ ਗੈਰ-ਮਰਦ ਨਾਲ ਲਾਵਾਂ ਲੈਣ ਲਈ ਸਹਿਮਤ ਨਹੀਂ। ਜਿਸ ਸਦਕਾ ਸਰਵਣ ਆਪਣੀ ਪਤਨੀ ਦੀ ਮਾਨਸਿਕ ਅਵਸਥਾ ਸਮਝਣ 'ਚ ਅਸਮਰੱਥ ਹੈ। ਉਹ ਪੂੰਜੀ ਦੀ ਲਾਲਸਾ ਹਿੱਤ ਪਤਨੀ ਨੂੰ ਬੱਚੇ ਨੂੰ ਜਨਮ ਦੇਣੋਂ ਵੀ ਰੋਕਦਾ ਹੈ ਕਿਉਂਕਿ ਉਸ ਨੂੰ ਔਲਾਦ ਨਾਲੋਂ ਵਧੇਰੇ ਮੋਹ ਵਿਦੇਸ਼ੀ ਡਾਲਰਾਂ ਨਾਲ ਹੈ।

ਇਹ ਵਰਤਾਰਾ ਮੱਧ ਵਰਗੀ ਮਨੁੱਖ ਅੰਦਰੋਂ ਖ਼ਤਮ ਹੋ ਰਹੀ ਮਨੁੱਖਤਾ ਦਾ ਵਾਸਤਵਿਕ ਪ੍ਰਗਟਾਵਾ ਹੈ। ਕਥਾਕਾਰ ਪਰਵਾਸੀ ਪੰਜਾਬੀਆਂ ਦੀ ਲਾਲਚੀ ਪ੍ਰਵਿਰਤੀ ਤੇ ਰਿਸ਼ਤਿਆਂ ਪ੍ਰਤੀ ਲਾਪਰਵਾਹੀ ਨੂੰ ਭੰਡਦਾ ਹੈ। ਔਰਤ ਦੀ ਇਸ ਦਰਦਨਾਕ ਸਥਿਤੀ ਨੂੰ ਖ਼ੁਦ ਔਰਤ ਵੀ ਸਮਝਣੋਂ ਅਸਮਰੱਥ ਹੈ। ਸਵੀ ਦੀ ਸੱਸ ਤੇ ਉਸਦੀ ਮਾਂ ਦੋਵੇਂ ਉਸ ਨੂੰ ਤੀਸਰੇ ਵਿਆਹ ਲਈ ਜਲਦੀ ਤਿਆਰ ਹੋਣ ਦੀ ਤਾਕੀਦ ਕਰਦੀਆਂ ਹਨ। ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਪਤੀਬਰਤਾ ਔਰਤ ਆਪਣੇ ਪਤੀ ਸਾਹਮਣੇ ਕਿਸੇ ਗ਼ੈਰ ਮਰਦ ਨਾਲ ਲਾਵਾਂ ਲੈਣ ਲਈ ਤਿਆਰ ਨਹੀਂ। ਰਚਨਾਕਾਰ ਰਿਸ਼ਤਿਆਂ ਵਿਚ ਆਏ ਪੇਤਲੇਪਣ ਤੇ ਸੁਆਰਥਪੁਣੇ ਨੂੰ ਸਵੀ ਦੀ ਮਾਨਸਿਕਤਾ ਦੁਆਰਾ ਬਾਖ਼ੂਬੀ ਪ੍ਰਗਟਾਉਂਦਾ ਹੈ।

"ਉਸ ਨੂੰ ਜਾਪਿਆ ਜਿਵੇਂ ਮੰਮੀ ਕਹਿ ਰਹੀ ਹੋਵੇ, ਧੀਏ! ਸਿਆਣੀ ਬਣ। ਬਣਿਆ ਬਣਾਇਆ ਕੰਮ ਨਾ ਵਿਗਾੜ। ਤੇਰੇ ਕਰਮੀ ਸਭ ਦਾ ਕਲਿਆਣ ਹੋ ਜੂ। ਤੇਰੀ ਨਣਾਨ ਨੇ ਜਿਵੇਂ ਸਾਰਾ ਟੱਬਰ ਬੁਲਾ ਲਿਆ ਤੂੰ ਵੀ...। ਏਹ ਨਾ ਸਮਝੀਂ ਅਸੀਂ ਤੇਰੇ ਤੇ ਬੋਝ ਬਣਾਂਗੇ। ਕਾਮੇ ਬੰਦੇ ਆਂ ਅਸੀਂ ਕਰਕੇ ਖਾਵਾਂਗੇ।" [5]

ਮੱਧ ਵਰਗੀ ਬਜ਼ੁਰਗ ਵੀ ਫਰਜ਼ੀ ਵਿਆਹਾਂ ਨੂੰ ਅਸਲੀ ਬਣਾਉਣ ਲਈ ਆਪਣਾ ਸਾਰਥਿਕ ਰੋਲ ਅਦਾ ਕਰਦੇ ਹਨ। ਜਿਸ ਤਹਿਤ ਪਰੰਪਰਾਗਤ ਪੀੜ੍ਹੀ ਮਾਸੂਮ ਬਾਲੜੀ ਨੂੰ ਇਸ ਅਸੰਵਿਧਾਨਿਕ ਕਾਰਵਾਈ ਵਿਚ ਸ਼ਾਮਿਲ ਕਰਦੀ ਹੈ। ਪਰੰਤੂ ਨਵੀਂ ਪੀੜ੍ਹੀ ਨੂੰ ਇਹ ਰਿਸ਼ਤੇ ਪ੍ਰਵਾਨ ਨਹੀਂ।

ਸਵੀ ਦਾ ਤੀਸਰੇ ਵਿਆਹ ਤੋਂ ਮੁਨਕਰ ਹੋਣਾ ਪਰਿਵਾਰਕ ਰਿਸ਼ਤਿਆਂ ਵਿਚਲੀ ਅਪਣੱਤ ਤੇ ਮੋਹ ਦੀ ਤਰਜ਼ਮਾਨੀ ਕਰਦਾ ਹੈ। ਉਹ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਪਤੀਬਰਤਾ ਔਰਤ ਦੀ ਪ੍ਰਤੀਨਿਧਤਾ ਕਰਦੀ ਹੈ ਜਿਹੜੀ ਪਤੀ ਦੇ ਜੀਵਿਤ ਹੁੰਦਿਆਂ ਕਿਸੇ ਗੈਰ-ਮਰਦ ਨਾਲ ਆਪਣਾ ਰਿਸ਼ਤਾ ਨਹੀਂ ਜੋੜਦੀ। ਉਸ ਦੁਆਰਾ ਵਿਆਹ ਦੀ ਵਿਰੋਧਤਾ ਕਰਨਾ ਆਧੁਨਿਕ ਮਨੁੱਖ ਦੀਆਂ ਉਨ੍ਹਾਂ ਖ਼ੁਦਗਰਜ਼ੀ ਤੇ ਕਪਟੀ ਚਾਲਾਂ ਨੂੰ ਬੇਪਰਦ ਕਰਦਾ ਹੈ ਜਿਹੜਾ ਵਿਦੇਸ਼ ਸਥਾਪਤੀ ਹਿੱਤ ਦੂਹਰੇ-

ਤੀਹਰੇ ਵਿਆਹਾਂ 'ਚ ਬੱਝਦਾ ਹੈ ਪਰੰਤੂ ਪਤਨੀ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਪ੍ਰਮੁੱਖਤਾ ਦਿੰਦੀ ਹੋਈ ਅਜਿਹੇ ਰਿਸ਼ਤਿਆਂ ਨੂੰ ਸਵੀਕਾਰ ਨਹੀਂ ਕਰਦੀ। ਇਸੇ ਤਰ੍ਹਾਂ ਮੱਧ ਵਰਗੀ ਰਿਸ਼ਤਿਆਂ ਵਿਚਲੇ ਸੰਕਟ ਨੂੰ ਪਰਵਾਸ ਦਾ ਵਰਤਾਰਾ ਵਧੇਰੇ ਪ੍ਰਭਾਵਿਤ ਕਰਦਾ ਹੈ। ਇਸ ਵਰਤਾਰੇ ਨੂੰ 'ਬੇਰ ਵਰਗਾ ਫ਼ਲ', ਤੇ 'ਪਰਦੇਸੀ' ਕਹਾਣੀਆਂ ਵੀ ਬੜੀ ਸੁਹਿਰਦਤਾ ਨਾਲ ਪ੍ਰਗਟਾਉਂਦੀਆਂ ਹਨ।

ਸ਼ਹਿਰੀ ਮੱਧ ਵਰਗ ਦੀ ਵਿਅਕਤੀਵਾਦੀ ਚੇਤਨਾ ਅਤੇ ਪੇਂਡੂ ਸਭਿਆਚਾਰਕ ਕਦਰਾਂ-ਕੀਮਤਾਂ ਦੇ ਪਰਸਪਰ ਟਕਰਾਉ ਕਾਰਨ ਰਿਸ਼ਤਿਆਂ ਵਿਚਲੀਆਂ ਤਰੇੜਾਂ ਨੂੰ ਕਹਾਣੀ 'ਖੂਹ-ਖਾਤੇ' ਬਾਖ਼ੂਬੀ ਚਿਤਰਦੀ ਹੈ। ਵਿਚਾਰਧੀਨ ਕਹਾਣੀ ਦਾ ਪਾਤਰ ਭੁਪਿੰਦਰ ਸਿੰਘ ਲਾਡੀ ਨੂੰ ਲੱਭਣ ਲਈ ਆਪਣੇ ਦੋਸਤ ਮਹਿਤੇ ਨਾਲ ਸੁਲਾਹ ਮਸ਼ਵਰਾ ਕਰਦਾ ਹੈ ਜਿਹੜਾ ਆਪਣੀ ਮੱਧ ਵਰਗੀ ਚੇਤਨਾ ਤਹਿਤ ਉਸਨੂੰ ਇਸ ਸੰਕਟ ਤੋਂ ਦੂਰ ਰਹਿਣ ਦੀ ਨਸੀਹਤ ਦਿੰਦਾ ਹੈ। ਪਰ ਭੁਪਿੰਦਰ ਦਾ ਆਪਣੇ ਪਰਿਵਾਰ ਨਾਲੋਂ ਵਧੇਰੇ ਲਗਾਉ ਮਾਮੇ ਨਾਲ ਹੈ ਕਿਉਂਕਿ ਉਸਦੇ ਵਿਦਿਆਰਥੀ ਜੀਵਨ ਸਮੇਂ ਇਹ ਮਾਮਾ ਉਸਦੇ ਪੱਖ ਵਿਚ ਖੜ੍ਹਿਆ ਸੀ। ਮਾਮੇ ਭਾਣਜੇ ਦਾ ਮੋਹ ਸਿਰ ਚੜ੍ਹਕੇ ਬੋਲਦਾ ਹੈ ਪਰ ਪ੍ਰਸਥਿਤੀਆਂ ਉਨ੍ਹਾਂ ਦੇ ਵਿਰੋਧ 'ਚ ਖੜ੍ਹਦੀਆਂ ਹਨ। ਉਹ ਮਾਮੇ ਨਾਲ ਆਪਣੇ ਪਿਆਰ ਤੇ ਨਿੱਘੀ ਸਾਂਝ ਸੰਬੰਧੀ ਆਖਦਾ ਹੈ :

"ਤੂੰ ਨਈਂ ਜਾਣਦਾ ਮਹਿਤਾ, ਮੇਰੀ ਮਾਮੇ ਨਾਲ ਕਿੰਨੀ ਅਟੈਚਮੈਂਟ ਹੈ। ਮੇਰੇ ਲਈ ਉਨ੍ਹਾਂ ...ਮੇਰੇ ਪਿਉ ਤੋਂ ਵੱਧ...ਯੂ ਡੌਂਟ ਨੋ...ਲਾਡੀ ਮੇਰੇ ਪੁੱਤਾਂ ਅਰਗਾ...ਮੈਥੋਂ ਹੁਣ ਮਾਮਾ ਜੀ ਦੇ ਮੱਥੇ ਨਈਂ ਲੱਗਿਆ ਜਾਂਦਾ...ਮਾਮੀ ਨੂੰ...।"[6]

ਮੱਧ ਵਰਗੀ ਪਤੀ-ਪਤਨੀ ਦੇ ਰਿਸ਼ਤੇ ਵਿਚ ਟਕਰਾਉ ਦਾ ਕਾਰਨ ਪਤਨੀ ਵੱਲੋਂ ਪਤੀ ਦੇ ਸਕੇ ਸੰਬੰਧੀਆਂ ਤੇ ਰਿਸ਼ਤੇਦਾਰਾਂ ਪ੍ਰਤੀ ਲਾਪਰਵਾਹੀ, ਅਣਗਹਿਲੀ ਤੇ ਬਣਦਾ ਮਾਣ ਸਤਿਕਾਰ ਨਾ ਕਰਨਾ ਹੈ। ਅਜਿਹਾ ਵਿਵਹਾਰ ਸਾਡੇ ਨਜ਼ਦੀਕੀ ਰਿਸ਼ਤਿਆਂ ਨੂੰ ਵੀ ਨਿੱਘਹੀਣ ਕਰਦਾ ਹੈ। ਗਰੇਵਾਲ ਆਪਣੀ ਪਤਨੀ ਦੁਆਰਾ ਕੀਤੀ ਵਿਤਕਰੇਬਾਜ਼ੀ ਦੀ ਵਿਰੋਧਤਾ ਕਰਦਾ ਹੋਇਆ ਉਸਨੂੰ ਸਭ ਰਿਸ਼ਤਿਆਂ ਦਾ ਸਤਿਕਾਰ ਕਰਨ ਲਈ ਆਖਦਾ ਹੈ। ਪਰ ਉਹ ਰਿਸ਼ਤਿਆਂ ਦੇ ਨਿੱਘ, ਮੋਹ ਤੇ ਪਿਆਰ ਦੇ ਅਹਿਸਾਸ ਨੂੰ ਸਮਝਣੋਂ ਅਸਮਰੱਥ ਹੈ। ਉਹ ਸ਼ਹਿਰੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਪ੍ਰਭਾਵ ਸਦਕਾ ਰਿਸ਼ਤਿਆਂ ਤੋਂ ਕਿਨਾਰਾਕਸ਼ੀ ਕਰਨਾ ਬਿਹਤਰ ਸਮਝਦੀ ਹੈ। ਮਾਮੇ ਦੁਆਰਾ ਭਾਣਜੇ ਤੋਂ ਪਰਿਵਾਰਕ ਸੰਕਟ ਦੀ ਨਿਵਰਤੀ ਲਈ ਉਮੀਦ ਕਰਨਾ ਪੇਂਡੂ ਕਦਰ ਪ੍ਰਬੰਧ ਦਾ ਪ੍ਰਮੁੱਖ ਅੰਗ ਹੈ। ਭਾਣਜਾ ਮਾਮੇ ਦੀ ਮਦਦ ਕਰਨੀ ਚਾਹੁੰਦਾ ਹੈ ਪਰੰਤੂ ਪ੍ਰਸਥਿਤੀਆਂ ਸਾਹਮਣੇ ਉਹ ਬੇਬਸ ਤੇ ਲਾਚਾਰ ਹੈ। ਸਮਕਾਲੀ ਮੱਧਵਰਗੀ ਮਨੁੱਖ ਆਪਣੀਆਂ ਸੁਖ ਸੁਵਿਧਾਵਾਂ ਦਾ ਤਿਆਗ ਕਰਕੇ ਵਾਧੂ ਦੇ ਝੰਜਟਾਂ ਵਿਚ ਨਹੀਂ ਪੈਣਾ ਚਾਹੁੰਦਾ। ਜਿਸਦੀ ਪ੍ਰੋੜਤਾ ਭੁਪਿੰਦਰ ਦੀ ਪਤਨੀ ਰੋਜ਼ੀ ਅਤੇ ਉਸਦਾ ਦੋਸਤ ਮਹਿਤਾ ਕਰਦੇ ਹਨ। ਅਜੋਕਾ ਵਿਅਕਤੀ ਮੋਹ ਰਹਿਤ ਰਿਸ਼ਤਿਆਂ ਵਿਚ ਵਿਚਰ ਰਿਹਾ ਹੈ ਅਤੇ ਨਿੱਜੀ ਸੁਆਰਥਤਾ ਰਿਸ਼ਤਿਆਂ 'ਤੇ ਭਾਰੂ ਪੈ ਚੁੱਕੀ ਹੈ ਜਿਸਦੇ ਅੰਤਰਗਤ ਰਿਸ਼ਤੇ ਤਬਦੀਲ ਹੋ ਰਹੇ ਹਨ। ਨਤੀਜੇ ਵਜੋਂ ਉਹ ਮਾਮੇ ਨਾਲ ਬੇਗਾਨਿਆਂ ਵਾਂਗ ਵਿਵਹਾਰ ਕਰਦੀ ਹੈ।

ਸਮਕਾਲੀ ਮਨੁੱਖ ਦੇ ਕਰੀਬੀ ਰਿਸ਼ਤਿਆਂ ਸੰਬੰਧੀ ਡਾ. ਸੁਤਿੰਦਰ ਸਿੰਘ ਨੂਰ ਆਖਦੇ ਹਨ ਕਿ ਅਰਧ ਫਿਊਡਲ ਮਾਨਸਿਕਤਾ 'ਚੋਂ ਨੀਮ ਪੂੰਜੀਵਾਦੀ ਵਿਅਕਤੀਵਾਦ ਨੇ ਜਿਵੇਂ ਵਿਕਾਸ ਕੀਤਾ ਹੈ, ਮਨੁੱਖੀ ਰਿਸ਼ਤੇ ਉਸੇ ਤਰ੍ਹਾਂ ਤ੍ਰੇੜੇ ਗਏ ਹਨ, ਵਿਚਾਰਧਾਰਕ ਚੇਤਨਾ ਕਰਕੇ ਹੀ ਜਸਵਿੰਦਰ ਇਸ ਯਥਾਰਥ ਨੂੰ ਇਨ੍ਹਾਂ ਕਿਰਦਾਰਾਂ ਅਤੇ ਸਥਿਤੀਆਂ ਰਾਹੀਂ ਬੜੀ ਸ਼ਿਦਤ ਨਾਲ ਉਘਾੜ ਲੈਂਦਾ ਹੈ। ਬਜ਼ੁਰਗ ਬਚਨ ਸਿੰਘ ਭਾਣਜੇ ਦੇ ਘਰ ਆ ਕੇ ਲਗਭਗ ਬਾਹਰ ਵਿਚਰ ਰਿਹਾ ਹੈ, ਭਾਣਜਾ ਘਰ ਦੇ ਅੰਦਰ ਹੀ ਅੰਦਰ ਖੁਭਦਾ ਖੁਰਦਾ ਜਾ ਰਿਹਾ ਹੈ।" [7] ਭੁਪਿੰਦਰ ਆਪਣੀ ਬੇਵਸੀ ਤੇ ਲਾਚਾਰੀ ਕਾਰਨ ਮਜ਼ਬੂਰ ਹੈ। ਉਸਦੀ ਵਿਅਕਤੀਗਤ ਹੋਂਦ ਗੁਆਚ ਚੁੱਕੀ ਹੈ। ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਹੋਇਆ ਅਰਧ ਪਾਗਲਾਂ ਵਾਲੀ ਸਥਿਤੀ ਵਿਚ ਵਿਚਰਦਾ ਹੈ। ਆਪਣੀ ਨਿੱਜੀ ਹੋਂਦ ਦੀ ਤਲਾਸ਼ ਵਿਚ ਭੜਕਦਾ ਹੋਇਆ ਉਹ ਮਾਮੇ ਨੂੰ ਸੰਬੋਧਨ ਕਰਦਾ ਹੋਇਆ ਆਖਦਾ ਹੈ *:*

> "ਮੈਂ-ਮੈਂ...ਲਾਡੀ ਨੂੰ ਕਿਵੇਂ ਲੱਭ ਸਕਨਾ ਵਾਂ ਮਾਮਾ*!* ਮੈਂ ਤਾਂ ਆਪ...ਮੈਂ ਤਾਂ ...ਜੇ ਹੋ ਸਕਿਆ ਤਾਂ ਮੈਨੂੰ ਵੀ ਲਭੀਂ...ਮਾਮਾ*!* [8]

ਲਾਡੀ ਦੇ ਗੁਆਚਣ ਦੇ ਨਾਲ ਭੁਪਿੰਦਰ ਨੂੰ ਆਪਣਾ ਆਪ ਵੀ ਗੁਆਚਿਆ ਜਾਪਦਾ ਹੈ। ਆਧੁਨਿਕ ਸਮੇਂ ਰਿਸ਼ਤੇ ਵੀ ਮੌਕਾਪ੍ਰਸਤ ਹੋ ਚੁੱਕੇ ਹਨ ਜਿਸ ਕਾਰਨ ਵਿਅਕਤੀ ਦਾ ਸਵਾਰਥ ਪੂਰਾ

ਹੁੰਦਿਆਂ ਹੀ ਉਸਦੇ ਤੇਵਰ ਬਦਲਣ ਲੱਗਦੇ ਹਨ। ਪੰਜਾਬ ਸੰਕਟ ਨਾਲ ਸੰਬੰਧਿਤ ਇਸ ਕਹਾਣੀ ਵਿਚ ਕਥਾਕਾਰ ਨੌਜਵਾਨ ਗੱਭਰੂਆਂ ਦੇ ਗਾਇਬ ਹੋ ਜਾਣ ਉੱਤੇ ਪ੍ਰਸ਼ਨਚਿੰਨ੍ਹ ਲਗਾਉਂਦਾ ਹੋਇਆ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਸ ਦੇ ਨਾਲ ਹੀ ਉਹ ਰਿਸ਼ਤਿਆਂ ਵਿਚੋਂ ਗਾਇਬ ਹੋ ਰਹੇ ਮੋਹ, ਪਿਆਰ ਪ੍ਰਤੀ ਵੀ ਚਿੰਤਾ ਵਿਅਕਤ ਕਰਦਾ ਹੋਇਆ ਇਨ੍ਹਾਂ ਨੂੰ ਬਣਾਈ ਰੱਖਣ ਲਈ ਪ੍ਰੇਰਦਾ ਹੈ। ਕਥਾਕਾਰ ਮੱਧ ਵਰਗੀ ਰਿਸ਼ਤਿਆਂ ਵਿਚਲੀਆਂ ਜਟਿਲ ਪ੍ਰਸਥਿਤੀਆਂ ਨੂੰ ਉਭਾਰਦਾ ਹੈ। ਉਹ ਮਾਮੇ-ਭਾਣਜੇ ਤੇ ਪਤੀ-ਪਤਨੀ ਦੇ ਪਿਆਰ ਵਿਹੂਣੇ ਰਿਸ਼ਤਿਆਂ ਦੀ ਵਰਤਮਾਨ ਪ੍ਰਸੰਗਿਕਤਾ ਨੂੰ ਮੂਰਤੀਮਾਨ ਕਰਦਾ ਹੈ।

ਕਥਾਕਾਰ ਮੱਧ ਵਰਗੀ ਔਰਤ ਦੁਆਰਾ ਰਿਸ਼ਤਿਆਂ ਪ੍ਰਤੀ ਅਸੰਵੇਦਨਸ਼ੀਲਤਾ ਨੂੰ ਉਘਾੜਦਾ ਹੈ। ਇਸ ਤੋਂ ਪਹਿਲੀ ਔਰਤ ਰਿਸ਼ਤਿਆਂ ਅੰਦਰਲੇ ਤਿੜਕਾਅ ਨੂੰ ਆਪਣੀ ਬੁੱਧੀ, ਸਿਆਣਪ ਤੇ ਸੰਵੇਦਨਸ਼ੀਲਤਾ ਨਾਲ ਬਚਾ ਲੈਂਦੀ ਸੀ। ਇਹ ਰੂਪਾਂਤਰਣ ਮੱਧ ਵਰਗ ਦਾ ਪਛਾਣ ਚਿੰਨ੍ਹ ਬਣ ਗਿਆ ਹੈ। ਜਿਹੜੀ ਦੂਸਰੇ ਮਨੁੱਖ ਦੇ ਦੁੱਖ ਤਕਲੀਫ਼ਾਂ ਨੂੰ ਤੁੱਛ ਸਮਝਦੀ ਹੋਈ ਉਨ੍ਹਾਂ ਤੋਂ ਦੂਰੀ ਬਣਾਉਂਦੀ ਹੈ। ਭੁਪਿੰਦਰ ਸਿੰਘ ਸ਼ਹਿਰੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਅਨੁਸਾਰੀ ਉਹ ਨਿਮਨ ਮੱਧ ਵਰਗ ਦੇ ਹੱਕ ਵਿਚ ਭੁਗਤਣ ਦੀ ਬਜਾਇ ਉੱਚ ਵਰਗੀ ਮਾਪਦੰਡਾਂ ਨੂੰ ਅਪਣਾਉਂਦਾ ਹੋਇਆ ਆਪਣੇ ਨਜ਼ਦੀਕੀ ਰਿਸ਼ਤਿਆਂ ਨਾਲ ਸਾਂਝ ਪਾਉਣ ਨਾਲੋਂ ਕਲੱਬਾਂ, ਪਾਰਟੀਆਂ ਵਿਚ ਜਾਣਾ ਬਿਹਤਰ ਸਮਝਦਾ ਹੈ।

ਪੰਜਾਬੀ ਸਮਾਜ ਵਿਚ ਵਿਦਿਅਕ ਚੇਤਨਾ ਦੇ ਪ੍ਰਭਾਵ ਕਾਰਨ ਪੇਂਡੂ ਸਮਾਜ ਨਾਲ ਸੰਬੰਧਿਤ ਮਿਹਨਤੀ ਅਤੇ ਅਗਾਂਹ-ਵਧੂ ਵਿਅਕਤੀ ਉੱਚ ਅਹੁਦਿਆਂ ਤੇ ਬਿਰਾਜਮਾਨ ਹੋਣ ਲੱਗੇ ਹਨ। ਉਹ ਰੁਜ਼ਗਾਰ ਅਤੇ ਆਰਥਿਕ ਮਜ਼ਬੂਰੀ ਕਾਰਨ ਪੇਂਡੂ ਸਭਿਆਚਾਰ ਨਾਲੋਂ ਟੁੱਟਦੇ ਹੋਏ ਸ਼ਹਿਰੀ ਸਭਿਆਚਾਰ ਨਾਲ ਸਾਂਝ ਪਾਉਂਦੇ ਹਨ ਕਿਉਂਕਿ ਸ਼ਹਿਰੀ ਜੀਵਨ ਸਵੈ-ਕੇਂਦਰਿਤ ਹੋ ਕੇ ਸੁੱਖ, ਸੁਵਿਧਾਵਾਂ ਦੇ ਦੁਆਲੇ ਹੁੰਦਾ ਹੈ ਜਿੱਥੇ ਕੋਈ ਕੁਰਬਾਨੀ ਦੀ ਜ਼ਰੂਰਤ ਨਹੀਂ ਹੁੰਦੀ। ਜਿਸ ਕਾਰਨ ਉਹ ਸ਼ਹਿਰੀ ਸਭਿਆਚਾਰ ਦੇ ਗੁੰਝਲਦਾਰ ਵਰਤਾਰੇ ਅਤੇ ਨੌਕਰੀ ਦੇ ਦਬਾਅ ਕਾਰਨ ਪੇਂਡੂ ਸਮਾਜ ਤੇ ਸਭਿਆਚਾਰ ਨਾਲ ਮੇਲ-ਮਿਲਾਪ ਰੱਖਣ ਵਿਚ ਅਸਮਰੱਥ ਹਨ। ਜਿਸ ਤਹਿਤ ਉਹ ਆਪਣੇ ਪਰਿਵਾਰ 'ਚ ਹੋਈ ਮੌਤ ਜਿਹੀ ਦੁਖਾਂਤਕ ਘਟਨਾ ਸਮੇਂ ਵੀ ਅੰਤਿਮ ਰਸਮਾਂ ਵਿਚ ਸ਼ਾਮਿਲ ਨਹੀਂ ਹੋ ਸਕਦੇ। ਨੌਕਰੀ-ਪੇਸ਼ਾ ਮੱਧ ਵਰਗ ਦੀਆਂ ਮਜ਼ਬੂਰੀਆਂ ਨੂੰ ਕਹਾਣੀ 'ਮਰੇ ਮਾਤਮ' ਵਾਸਤਵਿਕ ਰੂਪ ਵਿਚ ਪੇਸ਼ ਕਰਦੀ ਹੈ। ਬਲਦੇਵ ਸਿੰਘ ਸ਼ਹਿਰੀ ਮੱਧਵਰਗੀ ਵਿਅਕਤੀ ਹੈ ਜਿਹੜਾ ਆਪਣੇ ਪਿਤਾ ਦੀਆਂ ਅੰਤਿਮ ਰਸਮਾਂ ਸਮੇਂ ਸ਼ਾਮਿਲ ਨਹੀਂ ਹੁੰਦਾ। ਜਿਸਦੇ ਫਲਸਰੂਪ ਪੇਂਡੂ ਸਭਿਆਚਾਰ ਉਸ ਨਾਲ ਬੇਗਾਨਿਆਂ ਜਿਹਾ ਵਿਵਹਾਰ ਕਰਦਾ ਹੈ। ਜਦੋਂ ਪੇਂਡੂ ਪਿਛੋਕੜ ਵਾਲਾ ਵਿਅਕਤੀ ਮੌਤ ਜਿਹੀ ਦੁਖਾਂਤਕ ਘਟਨਾ ਸਮੇਂ ਗੈਰ ਹਾਜ਼ਿਰ ਰਹਿੰਦਾ ਹੈ ਤਾਂ ਸਮੁੱਚਾ ਪੇਂਡੂ ਭਾਈਚਾਰਾ ਉਸਦੀ ਨੌਕਰੀ ਅਤੇ ਸ਼ਹਿਰੀ ਕਦਰਾਂ-ਕੀਮਤਾਂ ਨੂੰ ਭੰਡਦਾ ਹੈ ਕਿਉਂਕਿ ਪੇਂਡੂ ਲੋਕ ਮਾਨਸਿਕਤਾ ਪਿਤਾ ਦੀਆਂ ਅੰਤਿਮ ਰਸਮਾਂ ਸਮੇਂ ਪੁੱਤਰ ਦਾ ਹਾਜ਼ਿਰ ਹੋਣਾ ਲਾਜ਼ਮੀ ਸਮਝਦੀ ਹੈ। ਦੂਸਰਾ ਬਲਦੇਵ ਦੇ ਵੱਡਾ ਪੁੱਤਰ ਹੋਣ ਕਾਰਨ ਸਸਕਾਰ ਸਮੇਂ ਨਾ ਪਹੁੰਚਣਾ ਪੇਂਡੂ ਭਾਈਚਾਰੇ ਅੰਦਰ ਰੋਸ ਪੈਦਾ ਕਰਦਾ ਹੈ।

"...ਹੈਂ...ਹੈਂ...ਦੇਵ ਉਦੈਂ ਨਾ ਆਇਆ ? ਹੈਂਅ ? ਕੀ ਲੋਹੜਾ ਮਾਰਿਆ ਤੈਂ ?...ਬਿਨ ਦੇਖੇ ਤੁਰ ਗਿਆ ਤੇਰਾ ਪੇ...।"
"....ਚੁਲ੍ਹੇ 'ਚ ਪੈਣ ਏਹੀ ਜੀਆਂ ਅਪਸਰੀਆਂ, ਬੰਦਾ ਜੇ ਮਰੇ ਮਕਾਣੇ ਵੀ ਨਾ ਬਹੁੜੇ ਤਾਂ...।," ..."ਨੀ ਭੈਣੇ! ਤੇਹ ਮੋਹ ਈ ਨੀ ਰਹੇ ਸੜ ਜਾਣੇ...ਸਭ ਗਰਜ਼ਾਂ ਦੇ ਸਾਕ...।" [9]

ਉਸਦੀ ਅੰਤਿਮ ਰਸਮਾਂ ਵਿਚ ਸ਼ਮੂਲੀਅਤ ਨਾ ਹੋਣ ਕਾਰਨ ਔਰਤ ਮਨ ਦੇ ਇਹ ਬੋਲ ਪਰਿਵਾਰਕ ਰਿਸ਼ਤਿਆਂ ਵਿਚੋਂ ਖ਼ਤਮ ਹੋ ਰਹੇ ਨਿੱਘ ਅਤੇ ਇਨ੍ਹਾਂ ਦੇ ਗਰਜ਼ਾਂ ਨਾਲ ਬੱਝਣ ਨੂੰ ਭੰਡਦੇ ਹਨ।

ਇਸ ਤਰ੍ਹਾਂ ਸ਼ਹਿਰੀ ਮੱਧਵਰਗੀ ਮਨੁੱਖ ਦਵੰਦਾਤਮਿਕ ਤੇ ਦੁਵਿਧਾ ਗ੍ਰਸਤ ਸਥਿਤੀ ਵਿਚ ਫਸਿਆ ਮਹਿਸੂਸ ਕਰਦਾ ਹੈ ਕਿ ਉਹ ਇਕ ਪਾਸੇ ਆਪਣੀ ਨੌਕਰੀ ਦੀ ਮਜ਼ਬੂਰੀ ਤੇ ਬੇਬਸੀ ਕਾਰਨ ਪਿਤਾ ਦੀ ਚਿਤਾ ਨੂੰ ਅਗਨੀ ਨਹੀਂ ਦੇ ਸਕਿਆ। ਦੂਸਰੇ ਪਾਸੇ ਪੇਂਡੂ ਭਾਈਚਾਰੇ ਦੁਆਰਾ ਉਸਨੂੰ ਵਿਅਕਤੀਵਾਦੀ ਤੇ ਸਵੈ ਹਿਤੈਸ਼ੀ ਗਰਦਾਨਣਾ ਤੇ ਵਿਰੋਧਤਾ ਕਰਨਾ ਉਚਿਤ ਜਾਪਦਾ ਹੈ ਕਿਉਂਕਿ ਪੇਂਡੂ ਸਭਿਆਚਾਰਕ ਨਿਯਮ ਵਿਧਾਨ ਅਜਿਹੀ ਦੁਖਾਂਤਕ ਘਟਨਾ ਸਮੇਂ ਗੈਰ-ਹਾਜ਼ਿਰ ਰਹਿਣ ਵਾਲੇ ਲਹੂ ਦੇ ਰਿਸ਼ਤਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ।

ਆਧੁਨਿਕ ਮਨੁੱਖ ਆਪਣੇ ਲਹੂ ਦੇ ਰਿਸ਼ਤਿਆਂ ਪ੍ਰਤੀ ਸੁਹਿਰਦ ਨਹੀਂ ਰਿਹਾ। ਉਹ ਇਨ੍ਹਾਂ ਨੂੰ ਨਿਭਾਉਣ ਨਾਲੋਂ ਆਪਣੇ

ਵਿਅਕਤੀਗਤ ਹਿੱਤਾਂ ਨੂੰ ਪ੍ਰਮੁੱਖਤਾ ਦਿੰਦਾ ਹੈ। ਉਸਦੇ ਅੰਤਰੀਵੀ ਤੇ ਬਾਹਰੀ ਯਥਾਰਥ ਵਿਚ ਢੇਰ ਅੰਤਰ ਹੈ। ਕਹਾਣੀ 'ਦਮੂੰਹੀਂ' ਅਜੋਕੇ ਮਨੁੱਖ ਦੇ ਅਜਿਹੇ ਦੋਹਰੇ ਕਿਰਦਾਰ ਨੂੰ ਵਾਸਤਵਿਕ ਰੂਪ ਵਿਚ ਉਘਾੜਦੀ ਹੈ।

ਇਸ ਕਹਾਣੀ ਦਾ ਮੈਂ ਪਾਤਰ ਇਕ ਮੱਧ ਵਰਗੀ ਮਨੁੱਖ ਹੈ ਜਿਹੜਾ ਕਿੱਤੇ ਵਜੋਂ ਪ੍ਰੋਫ਼ੈਸਰ ਹੈ। ਉਹ ਵਿਦੇਸ਼ ਵਿਚ ਪੰਜਾਬੀ ਭਾਸ਼ਾ ਸੰਬੰਧੀ ਕਾਨਫਰੰਸ ਵਿਚ ਆਪਣਾ ਪੇਪਰ ਪ੍ਰਸਤੁਤ ਕਰਨ ਪਹੁੰਚਦਾ ਹੈ। ਦੋਸਤ-ਮਿੱਤਰ ਉਸਦੀ ਵਧੇਰੇ ਪ੍ਰਸ਼ੰਸਾ ਕਰਦੇ ਹਨ। ਕਹਾਣੀ ਦੋ ਵਿਰੋਧੀ ਪ੍ਰਸਥਿਤੀਆਂ ਉਭਾਰਦੀ ਹੈ ਇਕ ਪਾਸੇ ਪ੍ਰੋਫ਼ੈਸਰ ਭੁੱਲਰ ਆਪਣੀ ਮਿੱਤਰ ਮੰਡਲੀ ਨਾਲ ਕਾਨਫਰੰਸ ਦੀ ਸਫਲਤਾ ਦਾ ਜਸ਼ਨ ਮਨਾ ਰਿਹਾ ਹੈ ਅਤੇ ਦੂਜੇ ਪਾਸੇ ਉਹ ਆਪਣੀ ਭੈਣ ਦੀ ਮੌਤ ਦਾ ਸੰਤਾਪ ਹੰਢਾਉਂਦਾ ਹੈ। ਉਹ ਆਪਣਾ ਦਰਦ ਦੂਸਰਿਆਂ ਕੋਲੋਂ ਇਸ ਲਈ ਛੁਪਾਉਂਦਾ ਹੈ ਤਾਂ ਜੋ ਉਨ੍ਹਾਂ ਦੇ ਜਸ਼ਨ ਵਿਚ ਵਿਘਨ ਨਾ ਪਵੇ। ਭੁੱਲਰ ਦੁਵਬਿਧਾਗ੍ਰਸਤ ਹੋਇਆ ਨਾ ਜਸ਼ਨ ਦਾ ਆਨੰਦ ਲੈਂਦਾ ਹੈ ਅਤੇ ਨਾ ਆਪਣਾ ਦੁੱਖ ਕਿਸੇ ਨਾਲ ਸਾਂਝਾ ਕਰਦਾ ਹੈ। ਇਸ ਤਰ੍ਹਾਂ ਕਥਕਾਰ ਮੱਧ ਵਰਗੀ ਮਨੁੱਖ ਦੀ ਵਾਸਤਵਿਕ ਸਥਿਤੀ ਉਘਾੜਦਾ ਹੈ ਜਿਹੜਾ ਆਪਣੇ ਯਥਾਰਥਕ ਜੀਵਨ ਵਿਚ ਨਾ ਹੱਸਦਾ ਹੈ ਅਤੇ ਨਾ ਹੀ ਰੋਂਦਾ ਹੈ। ਉਸਨੂੰ ਭੈਣ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਨਾ ਹੋਣ ਦਾ ਦੁੱਖ ਹੈ ਪਰੰਤੂ ਉਸਦੀ ਪਤਨੀ ਭੁੱਲਰ ਨੂੰ ਪੰਜਾਬ ਨਾ ਆਉਣ ਲਈ ਆਖਦੀ ਹੈ :

> "...ਵੇਖੋ...ਜੋ ਹੋਣਾ ਸੀ, ਹੋ ਗਿਆ, ਕਿਸੇ ਦੇ ਵੱਸ ਨੀ...ਹੁਣੇ...ਆ ਕੇ ਵੀ ਕੀ ਕਰੋਗੇ?" [10]

ਅਜੋਕਾ ਮੱਧ ਵਰਗੀ ਮਨੁੱਖ ਕਿਸੇ ਦੂਸਰੇ ਦੇ ਦੁੱਖ ਵਿਚ ਸ਼ਾਮਿਲ ਹੋਣ ਨਾਲੋਂ ਆਪਣੇ ਨਿੱਜ ਨੂੰ ਪ੍ਰਮੁੱਖਤਾ ਦਿੰਦਾ ਹੈ। ਜਿਸਦੇ ਅੰਤਰਗਤ ਪ੍ਰੋਫ਼ੈਸਰ ਭੁੱਲਰ ਆਪਣੀ ਭੈਣ ਦੀ ਮੌਤ ਦਾ ਦੁੱਖ ਦੂਸਰਿਆਂ ਨਾਲ ਸਾਂਝਾ ਕਰਨ ਦੀ ਬਜਾਇ ਉਨ੍ਹਾਂ ਨਾਲ ਪੈੱਗ ਸਾਂਝਾ ਕਰਦਾ ਹੋਇਆ ਆਪਣਾ ਦਰਦ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ।

ਇਸੇ ਕਿਸਮ ਦੀ ਸਥਿਤੀ ਪ੍ਰੋਫ਼ੈਸਰ ਭੁੱਲਰ ਦੀ ਭਤੀਜੀ ਰਮਨ ਦੀ ਹੈ ਜਿਹੜੀ ਭੂਆ ਦੀ ਮੌਤ ਨਾਲੋਂ ਆਪਣੇ ਚਾਚੇ ਨਾਲ ਘੁੰਮਣ-ਫਿਰਨ ਲਈ ਵਧੇਰੇ ਉਤਸਾਹਿਤ ਹੈ। ਸਮਕਾਲੀ ਮੱਧ ਵਰਗ ਇਸ ਪ੍ਰਵਿਰਤੀ ਦਾ ਧਾਰਨੀ ਜਾਪਦਾ ਹੈ ਜੋ ਹੋ ਗਿਆ ਸੋ ਹੋ ਗਿਆ ਅਤੇ ਵਰਤਮਾਨ ਨੂੰ ਆਨੰਦਪੂਰਵਕ ਗੁਜ਼ਾਰਿਆ ਜਾਵੇ। ਜਿਸ ਤਹਿਤ ਭਤੀਜੀ ਭੂਆ ਦੀ ਮੌਤ ਉੱਪਰ ਅੱਥਰੂ ਵਹਾਉਣ ਨਾਲੋਂ ਐਸ਼ ਪ੍ਰਸਤੀ ਨੂੰ ਤਰਜੀਹ ਦਿੰਦੀ ਹੈ। ਕਹਾਣੀ ਮੱਧ ਵਰਗੀ ਮਨੁੱਖ ਦੀ ਵਾਸਤਵਿਕਤਾ ਨਾਲੋਂ ਥਾਪੀ ਵਿੱਥ ਨੂੰ ਉਭਾਰਦੀ ਹੈ। ਜਿਸ ਕਿਸਮ ਦੀ ਵਿੱਥ ਪ੍ਰੋਫ਼ੈਸਰ ਭੁੱਲਰ ਤੇ ਉਸਦੀ ਭਤੀਜੀ ਰਮਨ ਥਾਪਦੇ ਹਨ।

ਕਹਾਣੀ 'ਜੈਲਦਾਰ ਦਾ ਪੋਤਾ' ਪਰਵਾਸੀਆਂ ਪੰਜਾਬੀਆਂ ਦੀ ਆਪਣੇ ਮੂਲਵਾਸੀਆਂ ਨਾਲ ਸਾਂਝ ਨੂੰ ਯਥਾਰਥਕ ਰੂਪ ਵਿਚ ਉਘਾੜਦੀ ਹੈ। ਪਰਵਾਸੀ ਆਪਣੇ ਮੂਲਵਾਸੀਆਂ ਨਾਲ ਅਪਣੱਤ, ਮੋਹ ਤੇ ਨਿੱਘ ਦਾ ਪ੍ਰਗਟਾਵਾ ਕਰਦੇ ਹੋਏ ਉਨ੍ਹਾਂ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਦੇ ਹਨ। ਇਸ ਤਰ੍ਹਾਂ ਕਰਦੇ ਉਹ ਆਪਣੇ ਗੋਤ, ਇਲਾਕੇ ਤੇ ਰਿਸ਼ਤਿਆਂ ਵਿਚਲੀ ਸਾਂਝ ਵਧਾਉਂਦੇ ਹਨ। ਉਹ ਇਸ ਤਰ੍ਹਾਂ ਵਿਵਹਾਰ ਕਰਦੇ ਹਨ ਜਿਵੇਂ ਭਾਰਤੀ ਸਮਾਜ ਵਿਚਲੀ ਜਾਤੀਗਤ ਵਿਵਸਥਾ ਨੂੰ ਭੁੱਲ ਗਏ ਹੋਣ ਪਰੰਤੂ ਕਹਾਣੀ ਅਜਿਹੇ ਮਨੁੱਖ ਨੂੰ ਬੇਨਕਾਬ ਕਰਦੀ ਹੈ ਜਿਹੜਾ ਆਪਣੇ ਹਮਵਤਨੀਆਂ ਦੀ ਪ੍ਰਾਹੁਣਾਚਾਰੀ ਕਰਦਾ ਹੋਇਆ ਉਨ੍ਹਾਂ ਦੀ ਨਿਮਨ ਜਾਤੀ ਦਾ ਪਤਾ ਚਲਦਿਆਂ ਹੀ ਕਿਨਾਰਾਕਸ਼ੀ ਕਰਨ ਲੱਗਦਾ ਹੈ।

ਨਿਮਨ ਵਰਗੀ ਮਨੁੱਖ ਆਪਣੀ ਚੇਤੰਨਤਾ ਤੇ ਸਿੱਖਿਆ ਦੁਆਰਾ ਸਰਕਾਰੀ ਨੌਕਰੀ ਹਾਸਿਲ ਕਰਕੇ ਮੱਧ ਵਰਗ ਵਿਚ ਪ੍ਰਵੇਸ਼ ਕਰ ਰਿਹਾ ਹੈ। ਜਿਸ ਤਹਿਤ ਉਸਦਾ ਰਹਿਣ-ਸਹਿਣ, ਖੇਤਰ, ਵਰਤ-ਵਰਤੇਵਾਂ ਆਦਿ ਸਭ ਵਰਤਾਰੇ ਤਬਦੀਲ ਹੁੰਦੇ ਹਨ। ਨਿਮਨ ਵਰਗ ਤੋਂ ਮੱਧਵਰਗ ਵਿਚ ਤਬਦੀਲ ਮਨੁੱਖ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਤਹਿਤ ਹੀਣਤਾ ਦਾ ਸ਼ਿਕਾਰ ਹੋਇਆ ਮਾਨਸਿਕ ਸੰਤਾਪ ਹੰਢਾਉਂਦਾ ਹੈ ਕਿਉਂਕਿ ਅਖੌਤੀ ਸਭਿਆਚਾਰਕ ਗੌਰਵ ਦੇ ਧਾਰਨੀ ਮਨੁੱਖ ਨੂੰ ਇਹ ਪਰਿਵਰਤਨ ਸਵੀਕਾਰ ਨਹੀਂ। ਪੰਜਾਬੀ ਮਨੁੱਖ ਦੀ ਜਾਤੀ ਮਾਨਸਿਕਤਾ ਵਿਦੇਸ਼ਾਂ ਵਿਚ ਵੀ ਨਹੀਂ ਬਦਲੀ। ਵਿਚਾਰਧੀਨ ਕਹਾਣੀ ਦਾ ਪਾਤਰ ਸੰਧੂ ਪਰਵਾਸੀ ਪੰਜਾਬੀ ਹੈ ਜਿਹੜਾ ਪਿਛੋਕੜ 'ਚ ਜ਼ੈਲਦਾਰ ਹੈ। ਉਹ ਪੰਜਾਬ ਸੰਕਟ ਸਮੇਂ ਆਪਣੀ ਜਾਨ ਬਚਾਉਣ ਲਈ ਅਮਰੀਕਾ ਪਹੁੰਚਦਾ ਹੈ। ਉਹ ਵਿਦੇਸ਼ ਪਹੁੰਚੇ ਪੰਜਾਬੀਆਂ ਨਾਲ ਵਧੇਰੇ ਮੋਹ ਤੇ ਨਿੱਘ ਦਾ ਇਜ਼ਹਾਰ ਕਰਦਾ ਹੈ। ਜਿਸ ਤਹਿਤ ਡਾ. ਦਰਦੀ ਤੇ ਉਸਦੀ ਪਤਨੀ ਨਾਲ ਆਪਣੀ ਸਾਂਝ

ਵਧਾਉਂਦਾ ਹੈ। ਉਹ ਆਪਸੀ ਰਿਸ਼ਤਿਆਂ ਦੀ ਸਾਂਝ ਪਾਉਂਦੇ ਹੋਏ ਇਕੋ ਪਿੰਡ ਦੇ ਜਾਮਾਤੀ ਮਿੱਤਰ ਨਿਕਲਦੇ ਹਨ। ਕਥਾਕਾਰ ਮੱਧ ਵਰਗੀ ਮਨੁੱਖ ਅੰਦਰ ਨਿਮਨ ਜਾਤੀ ਪ੍ਰਤੀ ਵਿਰੋਧਤਾ ਨੂੰ ਵਿਅੰਗਾਤਮਿਕ ਰੂਪ ਵਿਚ ਪ੍ਰਗਟਾਉਂਦਾ ਹੈ :

"ਉਹ ਚਮਾਰੜੇ ਨੂੰ ਤੂੰ ਘਰੇ ਦਾਅਵਤ 'ਤੇ ਬੁਲਾਇਐ...ਜੀਹਨੂੰ ਅਸਾਂ ਕਦੇ ਪੁਆਂਦੀ ਨਾ ਬਹਿਣ ਦਿੱਤਾ...ਤੇ ਉਸ ਢੇਡ ਨੇ ਗੱਲ...ਮਤਲਬ ਕਿ ਜੱਟਾਂ ਦੀ ਕੁੜੀ...। ਚੰਗਾ ਨਾਂ ਕਮਾਏਂਗਾ ਪੁੱਤਰਾ ਜ਼ੈਲਦਾਰੀ ਦਾ...ਮਰੀਕਾ 'ਚ ! ਏਹੀ ਰਹਿ ਗਿਆ ਸੀ...ਚੰਦ ਚਾੜ੍ਹਨ ਨੂੰ...ਬਾਪ ਦਾਦੇ ਦੀ ਸੋਹਣੀ ਸੋਭਾ...ਮਾੜੂਕਿਆਂ ਦੀਆਂ ਸਪਾਰਸ਼ਾਂ ਨਾਲ ਪੱਕਾ ਹੋਏਂਗਾ...ਫਿਟ ਲਾਹਨਤ...ਵਾਹ ਪੁੱਤਰਾ ਵਾਹ ! ਏਦੂੰ ਤਾਂ...।" [11]

ਅਖੌਤੀ ਉੱਚ ਜਾਤੀ ਮਾਨਸਿਕਤਾ ਨਾਲ ਲਬਰੇਜ਼ ਵਿਅਕਤੀ ਨਿਮਨ ਵਰਗ ਦੇ ਮਨੁੱਖ ਨੂੰ ਮਨੁੱਖ ਸਮਝਣ ਲਈ ਤਿਆਰ ਨਹੀਂ। ਉਸਦੀ ਯੋਗਤਾ ਤੇ ਸਮਰੱਥਾ ਨਾਲੋਂ ਉਹ ਜਾਤੀ ਨੂੰ ਪ੍ਰਮੁੱਖਤਾ ਦਿੰਦਾ ਹੈ। ਜਿਸਦੇ ਅੰਤਰਗਤ ਆਪਣੀ ਸਭਿਆਚਾਰਕ ਗੌਰਵਤਾ ਕਾਰਨ ਨਿਮਨ ਜਾਤ ਦੇ ਮੱਧ ਵਰਗੀ ਕੋਲੋਂ ਕਿਸੇ ਕਿਸਮ ਦੀ ਮਦਦ ਲੈਣੋਂ ਇਨਕਾਰੀ ਹੈ। ਨਿਮਨ ਵਰਗ ਦੇ ਮਨੁੱਖ ਦੇ ਮੱਧ ਵਰਗ ਵਿਚ ਤਬਦੀਲ ਹੋਣ ਕਾਰਨ ਵੀ ਜਾਤੀ ਮਾਨਸਿਕਤਾ ਉਸਦਾ ਖਹਿੜਾ ਨਹੀਂ ਛੱਡਦੀ। ਜਿਸ ਸਦਕਾ ਉਸਦੇ ਰਿਸ਼ਤਿਆਂ ਵਿਚ ਸੰਕਟ ਆਉਂਦਾ ਹੈ ਅਤੇ ਉਹ ਮਾਨਸਿਕ ਸੰਤਾਪ ਹੰਢਾਉਣ ਲਈ ਮਜ਼ਬੂਰ ਹੈ।

ਇਸੇ ਤਰ੍ਹਾਂ ਕਹਾਣੀ 'ਘਰ ਦਾ ਜੀਅ' ਪੇਂਡੂ ਮੱਧ ਵਰਗ ਦੁਆਰਾ ਦਲਿਤ ਸਮਾਜ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਤੇ ਵਿਤਕਰੇਬਾਜੀ ਨੂੰ ਵਿਅੰਗਾਤਮਿਕ ਰੂਪ ਵਿਚ ਚਿਤਰਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਜਸਵਿੰਦਰ ਸਿੰਘ ਆਪਣੇ ਕਥਾ ਸਾਹਿਤ ਦੁਆਰਾ ਮੱਧ ਵਰਗੀ ਮਨੁੱਖ ਦੇ ਦੂਸਰੇ ਮਨੁੱਖਾਂ ਨਾਲ ਵਿਵਹਾਰ ਦੀ ਵਿਸ਼ਲੇਸ਼ਣਾਤਮਕ ਰੂਪ ਵਿਚ ਕਥਾਕਾਰੀ ਕਰਦਾ ਹੈ। ਉਹ ਸਥਾਪਿਤ ਕਰਦਾ ਹੈ ਕਿ ਮੱਧ ਵਰਗੀ ਮਨੁੱਖ ਆਪਣੇ ਆਪ ਨੂੰ ਬੁੱਧੀਮਾਨ ਸਮਝਦਾ ਹੋਇਆ ਦੂਸਰਿਆਂ ਦੇ ਦੁੱਖ, ਤਕਲੀਫ਼ਾਂ, ਸਮੱਸਿਆਵਾਂ ਨੂੰ ਤੁੱਛ ਸਮਝਦਾ ਹੈ। ਉਹ ਆਪਣੇ ਨਿੱਜ ਨੂੰ ਪ੍ਰਮੁੱਖਤਾ ਦਿੰਦਾ ਹੋਇਆ ਆਪਣੇ ਪਰਿਵਾਰਕ, ਨਜ਼ਦੀਕੀ ਤੇ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣੋਂ ਵੀ ਕਿਨਾਰਾਕਸ਼ੀ ਕਰਦਾ ਹੈ। ਉਹ ਆਪਣੇ ਆਨੰਦਮਈ ਜੀਵਨ ਨੂੰ ਭੋਗਦਾ ਹੋਇਆ ਫਾਲਤੂ ਦੇ ਝੰਜਟਾਂ ਵਿਚ ਨਹੀਂ ਪੈਣਾ ਚਾਹੁੰਦਾ। ਸ਼ਹਿਰੀ ਮੱਧ ਵਰਗ ਤੇ ਪੇਂਡੂ ਮੱਧ ਵਰਗ ਦੀ ਆਪਸੀ ਸਾਕਾਚਾਰੀ ਵਿਚੋਂ ਇਹ ਗੱਲ ਪ੍ਰਮੁੱਖ ਤੌਰ ਤੇ ਉਭਰਦੀ ਹੈ ਕਿ ਇਹ ਰਿਸ਼ਤੇ ਮਸਨੂਈ ਪਿਆਰ ਉੱਪਰ ਉਸਰੇ ਹਨ। ਮੌਕੇ 'ਤੇ ਮਨ ਭਾਉਂਦੀਆਂ ਗੱਲਾਂ ਕਰਕੇ ਵਕਤ ਲੰਘਾਉਣ ਦੀ ਕੋਸ਼ਿਸ਼ ਹੈ। ਕੋਈ ਵੀ ਧਿਰ ਇਕ ਦੂਜੇ ਦੇ ਮਸਲਿਆਂ, ਸਮੱਸਿਆਵਾਂ, ਸੰਕਟਾਂ ਬਾਰੇ ਗਹਿਰਾਈ ਤੇ ਗੰਭੀਰਤਾ ਨਾਲ ਨਹੀਂ ਸੋਚਦੀ। ਲੋੜਵੰਦ ਲੋਕ ਵੱਖਰੀਆਂ ਮਨੋਸਥਿਤੀਆਂ ਵਿੱਚ ਵਿਚਰ ਰਹੇ ਹਨ ਤੇ ਸਾਧਨ ਸੰਪੰਨ ਵਰਗ ਕਿਸੇ ਹੋਰ। ਇਹ ਖੱਪਾ ਉਹ ਖੱਖਾ ਹੈ ਜਿਹੜਾ ਵਿਅਕਤੀਵਾਦੀ ਚੇਤਨਾ ਨੇ ਪੈਦਾ ਹੀ ਨਹੀਂ ਕੀਤਾ ਸਗੋਂ ਇਸ ਨੂੰ ਪੱਕਿਆਂ ਕਰਨ ਵਿਚ ਨਿਰੰਤਰ ਗਤੀਸ਼ੀਲ ਤੇ ਕਾਰਜਸ਼ੀਲ ਹੈ।

## ਹਵਾਲੇ ਤੇ ਟਿੱਪਣੀਆਂ


1. ਧਰੇਂਦਰ ਵਰਮਾ (ਡਾ.), ਹਿੰਦੀ ਸਾਹਿਤਯ ਕੋਸ਼, ਵਾਰਾਨਸੀ ਗਿਆਨ ਮੰਡਲ, ਦੂਸਰਾ ਸੰਸਕਰਨ : 1963, ਪੰਨਾ-612.
2. ਵੀ. ਅਫਾਨਾਸੀਏਵ, ਮਾਰਕਸਵਾਦੀ ਦਰਸ਼ਨ, (ਸੰਪਾਦਕ : ਪ੍ਰੋ. ਪ੍ਰੀਤਮ ਸਿੰਘ ਪਰਵਾਨਾ), ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, ਪਹਿਲੀ ਵਾਰ : 1973, ਪੰਨਾ-296.
3. ਰਤਨ ਸਿੰਘ ਜੱਗੀ (ਸੰਪਾ.), ਸਾਹਿੱਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-648.
4. ਪਰਗਟ ਸਿੰਘ, ਨਰੂਲਾ ਦੇ ਨਾਵਲਾਂ ਵਿਚ ਮੱਧ-ਵਰਗੀ ਚੇਤਨਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ: 1989, ਪੰਨਾ-19.
5. ਜਸਵਿੰਦਰ ਸਿੰਘ, ਘਰ ਦਾ ਜੀਅ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲੀ ਵਾਰ : 2004, ਪੰਨਾ-117.
6. ਜਸਵਿੰਦਰ ਸਿੰਘ, ਖੂਹ ਖਾਤੇ, ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, 1996, ਪੰਨਾ-20.
7. ਸੁਤਿੰਦਰ ਸਿੰਘ ਨੂਰ (ਡਾ.), ਆਦਿਕਾ, ਖੂਹ ਖਾਤੇ, ਉਹੀ, ਪੰਨਾ-13.
8. ਜਸਵਿੰਦਰ ਸਿੰਘ, ਖੂਹ ਖਾਤੇ, ਉਹੀ, ਪੰਨਾ-26.
9. ਉਹੀ, ਪੰਨਾ-89.
10. ਜਸਵਿੰਦਰ ਸਿੰਘ, "ਦਮੂੰਹੀਂ", ਪ੍ਰਵਚਨ, ਅੰਕ-30, (ਜਨਵਰੀ-ਮਾਰਚ), 2008, ਪੰਨਾ-42.

11. ਜਸਵਿੰਦਰ ਸਿੰਘ, "ਜ਼ੈਲਦਾਰ ਦਾ ਪੋਤਾ",ਸਮਕਾਲੀ ਸਾਹਿਤ, ਅੰਕ-43, (ਜਨਵਰੀ-ਮਾਰਚ), 2006, ਪੰਨਾ-57.